सत्यमेव जयते
न्याय विभाग
Department of Justice
भारत सरकार
Government of India

# ਸੰਵਿਧਾਨ ਦਿਵਸ ਅਤੇ ਮੌਲਿਕ ਕਰਤੱਵ

## 26 ਨਵੰਬਰ 2019- 26 ਨਵੰਬਰ 2020




"ਜੇ ਸੰਵਿਧਾਨ, ਸਰਕਾਰ ਲਈ ਕੇਵਲ ਪਾਲਣਾ ਕਰਨ ਦਾ ਇੱਕ ਦਸਤਾਵੇਜ਼ ਬਣਿਆ ਰਹਿੰਦਾ ਹੈ, ਤਾਂ ਲੋਕਤੰਤਰ ਨੂੰ ਨੁਕਸਾਨ ਹੋਵੇਗਾ, ਇਸ ਲਈ ਇਸ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਦੀ ਜ਼ਰੂਰਤ ਹੈ।"

ਨਰੇਂਦਰ ਮੋਦੀ,
ਪ੍ਰਧਾਨ ਮੰਤਰੀ

## ਭਾਰਤ ਦਾ ਸੰਵਿਧਾਨ

- ਭਾਰਤ ਦਾ ਸੰਵਿਧਾਨ ਬੁਨਿਆਦੀ ਕਾਨੂੰਨ ਹੈ ਜਿਸਨੇ ਸਾਡੇ ਦੇਸ਼ ਦੇ ਬੁਨਿਆਦੀ ਰਾਜਨੀਤਕ ਢਾਂਚੇ ਦੀ ਰੂਪ-ਰੇਖਾ ਤਿਆਰ ਕੀਤੀ ਹੈ। ਸੰਘੀ ਢਾਂਚੇ ਨਾਲ ਇਸ ਉੱਤੇ ਸੰਸਦੀ ਲੋਕਤੰਤਰ ਅਤੇ ਗਣਰਾਜ ਦੀ ਬੁਨਿਆਦ ਟਿਕੀ ਹੋਈ ਹੈ।
- ਭਾਰਤ ਦਾ ਸੰਵਿਧਾਨ ਸਾਡੇ ਸੰਸਥਾਪਕਾਂ ਦੇ ਵਿਜ਼ਨ ਅਤੇ ਕਦਰਾਂ-ਕੀਮਤਾਂ ਨੂੰ ਮੂਰਤ ਰੂਪ ਪ੍ਰਦਾਨ ਕਰਦਾ ਹੈ। ਇਹ ਉਨਾਂ ਦੀ ਸੋਚ-ਸਮਾਜਿਕ, ਰਾਜਨੀਤਕ ਅਤੇ ਆਰਥਿਕ ਲੋਕਾਚਾਰ, ਵਿਸ਼ਵਾਸ ਅਤੇ ਇੱਛਾ ਸ਼ਕਤੀ ਦਾ ਪ੍ਰਦਰਸ਼ਨ ਕਰਦਾ ਹੈ।
- ਸੰਵਿਧਾਨ ਭਾਰਤੀ ਗਣਰਾਜ ਦੇ ਮੁੱਖ ਅੰਗਾਂ-ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਦੀ ਨੁਮਾਇੰਦਗੀ ਕਰਦਾ ਹੈ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਨੂੰ ਪਰਿਭਾਸ਼ਿਤ ਅਤੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਨਿਰਧਾਰਿਤ ਕਰਦਾ ਹੈ।
- ਭਾਰਤ ਦੇ ਸੰਵਿਧਾਨ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ-
  - ਸਰਕਾਰ ਦੀ ਸੰਸਦੀ ਪ੍ਰਣਾਲੀ
  - ਮੌਲਿਕ ਅਧਿਕਾਰ ਅਤੇ ਕਰਤੱਵ
  - ਸੰਘੀ ਢਾਂਚਾ
  - ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤ
  - ਸੈਕੂਲਰ ਸਟੇਟ
  - ਨਾਗਰਿਕਤਾ
  - ਸੁਤੰਤਰ ਨਿਆਂਪਾਲਿਕਾ
  - ਬਾਲਗ ਵੋਟ ਅਧਿਕਾਰ
- ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਲੰਬਾ ਅਤੇ ਸਭ ਤੋਂ ਜ਼ਿਆਦਾ ਵਿਸਤ੍ਰਿਤ ਸੰਵਿਧਾਨ ਹੈ, ਜਿਸ ਨੇ ਅਮਰੀਕਾ, ਇੰਗਲੈਂਡ, ਆਇਰਲੈਂਡ, ਰੂਸ ਆਦਿ ਦੇ ਸੰਵਿਧਾਨਾਂ ਤੋਂ ਪ੍ਰੇਰਣਾ ਲਈ ਹੈ।
- ਸੰਵਿਧਾਨ ਵਿੱਚ 395 ਧਾਰਾਵਾਂ, 22 ਭਾਗ ਅਤੇ 12 ਅਨੁਸੂਚੀਆਂ ਹਨ।




ਭਾਰਤ ਦੇ ਸੰਵਿਧਾਨ ਦੀ ਇੰਗਲਿਸ਼ ਕਾਪੀ ਦੇ ਕਵਰ ਪੇਜ ਦੀ ਕੈਲਗ੍ਰਾਫਿਕ ਕਾਪੀ

ਸੰਵਿਧਾਨ ਦਾ ਮੂਲ ਖਰੜਾ ਚਰਮ ਪੱਤਰ ਦੀਆਂ 16x22 ਇੰਚ ਦੀਆਂ ਸ਼ੀਟਾਂ ਉੱਤੇ ਲਿਖਿਆ ਗਿਆ ਹੈ, ਜਿਨ੍ਹਾਂ ਦਾ ਜੀਵਨ ਕਾਲ ਕਈ ਹਜ਼ਾਰ ਸਾਲ ਹੈ। ਸੰਪੂਰਨ ਖਰੜੇ ਦੇ 251 ਪੰਨੇ ਅਤੇ ਭਾਰ 3.75 ਕਿਲੋਗ੍ਰਾਮ ਹੈ।

"ਅਗਰ ਸੰਵਿਧਾਨ ਨੂੰ ਸਰਲ ਭਾਸ਼ਾ ਵਿੱਚ ਮੈਂ ਕਹਾਂਗਾ ਤਾਂ ਸਾਡਾ ਸੰਵਿਧਾਨ ਭਾਰਤੀਆਂ ਲਈ ਮਾਣ ਅਤੇ ਭਾਰਤ ਦੀ ਏਕਤਾ (Dignity for Indians and Unity for India) ਇਨ੍ਹਾਂ ਦੋਹਾਂ ਮੂਲ ਮੰਤਰਾਂ ਨੂੰ ਸਾਕਾਰ ਕਰਦਾ ਹੈ।"

ਨਰੇਂਦਰ ਮੋਦੀ
ਪ੍ਰਧਾਨ ਮੰਤਰੀ

# ਸੰਵਿਧਾਨ ਸਭਾ ਅਤੇ ਸੰਵਿਧਾਨ ਦਾ ਨਿਰਮਾਣ

ਭਾਰਤ ਦੇ ਸੰਵਿਧਾਨ ਦਾ ਮਸੌਦਾ ਇੱਕ ਸੰਵਿਧਾਨ ਸਭਾ (1946 ਦੀ ਕੈਬਨਿਟ ਮਿਸ਼ਨ ਯੋਜਨਾ ਤਹਿਤ ਸਥਾਪਿਤ) ਦੁਆਰਾ 1946 ਤੋਂ 1949 ਦਰਮਿਆਨ ਤਿਆਰ ਕੀਤਾ ਗਿਆ। ਡਾ. ਰਾਜੇਂਦਰ ਪ੍ਰਸਾਦ ਨੇ ਇਸ ਸੰਸਥਾ ਦੇ ਪ੍ਰਧਾਨ ਵਜੋਂ ਸੇਵਾ ਨਿਭਾਈ।

ਸਭਾ ਦੇ 299 ਮੈਂਬਰਾਂ (15 ਔਰਤਾਂ ਸਮੇਤ) ਨੇ ਸੰਵਿਧਾਨ ਦਾ ਮਸੌਦਾ ਤਿਆਰ ਕਰਨ ਲਈ ਤਿੰਨ ਸਾਲ ਤੋਂ ਘੱਟ (1946-1949) ਦਾ ਸਮਾਂ ਲਿਆ।

ਸੰਵਿਧਾਨ ਸਭਾ ਦੇ ਮੈਂਬਰ ਦਸੰਬਰ 1946 ਤੋਂ ਨਵੰਬਰ 1949 ਦਰਮਿਆਨ 11 ਤੋਂ ਜ਼ਿਆਦਾ ਸੈਸ਼ਨਾਂ ਵਿੱਚ ਮਿਲੇ।

29 ਅਗਸਤ, 1947 ਨੂੰ ਸੰਵਿਧਾਨ ਸਭਾ ਨੇ ਸੰਵਿਧਾਨ ਦਾ ਮਸੌਦਾ ਤਿਆਰ ਕਰਨ ਲਈ ਡਾ. ਬੀ. ਆਰ. ਅੰਬੇਡਕਰ ਦੀ ਪ੍ਰਧਾਨਗੀ ਹੇਠ ਇੱਕ ਮਸੌਦਾ ਕਮੇਟੀ ਕਾਇਮ ਕੀਤੀ।



ਦਸੰਬਰ, 1946 ਵਿਚ ਸੰਵਿਧਾਨ ਸਭਾ ਦਾ ਸੈਸ਼ਨ

"ਭਾਰਤ ਨੇ ਸਤਿਕਾਰਯੋਗ ਬਾਬਾ ਸਾਹਿਬ ਅੰਬੇਡਕਰ ਜੀ ਦੀ ਲੀਡਰਸ਼ਿਪ ਵਿੱਚ ਇੱਕ ਸਮਾਵੇਸ਼ੀ ਸੰਵਿਧਾਨ ਦਾ ਮਸੌਦਾ ਤਿਆਰ ਕੀਤਾ। ਇਹ ਸਮਾਵੇਸ਼ੀ ਸੰਵਿਧਾਨ ਨਵੇਂ ਭਾਰਤ ਦੇ ਨਿਰਮਾਣ ਦੇ ਸੰਕਲਪ ਦਾ ਮੋਢੀ ਹੈ। ਇਹ ਆਪਣੇ ਨਾਲ ਕੁਝ ਜ਼ਿੰਮੇਵਾਰੀਆਂ ਵੀ ਲਿਆਉਂਦਾ ਹੈ ਅਤੇ ਇਸ ਨੇ ਸਾਡੀਆਂ ਕੁਝ ਸੀਮਾਵਾਂ ਵੀ ਤੈਅ ਕੀਤੀਆਂ ਹਨ।"

ਨਰੇਂਦਰ ਮੋਦੀ
ਪ੍ਰਧਾਨ ਮੰਤਰੀ

"ਸੰਵਿਧਾਨ ਵਕੀਲਾਂ ਦਾ ਇੱਕ ਦਸਤਾਵੇਜ਼ ਮਾਤਰ ਨਹੀਂ ਹੈ, ਇਹ ਜੀਵਨ ਦਾ ਮਾਧਿਅਮ ਹੈ ਅਤੇ ਇਸ ਦੀ ਆਤਮਾ ਹਮੇਸ਼ਾ ਹੀ ਯੁੱਗ ਦੀ ਆਤਮਾ ਹੈ।"

ਡਾ. ਬੀ.ਆਰ. ਅੰਬੇਡਕਰ



ਡਾ. ਬੀ. ਆਰ. ਅੰਬੇਡਕਰ ਦਾ ਚਿੱਤਰ



Members of the Central Cabinet, signing the Constitution of India. Rajkumari Amrit Kaur, Dr. John Mathai and Sardar Vallabhbhai Patel are seen in the picture

ਭਾਰਤ ਦੇ ਸੰਵਿਧਾਨ ਨੂੰ 26 ਨਵੰਬਰ, 1949 ਨੂੰ ਅਪਣਾਇਆ ਗਿਆ ਸੀ। ਇਹ 26 ਜਨਵਰੀ, 1950 ਤੋਂ ਪ੍ਰਭਾਵੀ ਹੋਇਆ। ਉਸ ਦਿਨ ਤੋਂ ਸੰਵਿਧਾਨ ਸਭਾ ਦੀ ਹੋਂਦ ਸਮਾਪਤ ਹੋ ਗਈ ਅਤੇ ਇਸ ਨੇ ਆਪਣੇ ਆਪ ਨੂੰ ਭਾਰਤ ਦੀ ਆਰਜ਼ੀ ਸੰਸਦ ਦੇ ਰੂਪ ਵਿੱਚ ਬਦਲ ਲਿਆ ਸੀ ਜਦ ਤੱਕ ਕਿ 1952 ਵਿੱਚ ਨਵੀਂ ਸੰਸਦ ਦਾ ਗਠਨ ਨਹੀਂ ਹੋ ਗਿਆ। ਸੰਵਿਧਾਨ ਦੇ ਮਸੌਦੇ ਉੱਤੇ ਚਰਚਾ ਕਰਦੇ ਹੋਏ ਸਭਾ ਨੇ ਪੇਸ਼ ਕੀਤੇ ਗਏ ਕੁੱਲ 7635 ਸੰਸ਼ੋਧਨਾਂ ਵਿੱਚੋਂ 2473 ਸੰਸ਼ੋਧਨਾਂ ਨੂੰ ਪ੍ਰਸਤਾਵਿਤ ਕੀਤਾ, ਉਨ੍ਹਾਂ ਉੱਤੇ ਚਰਚਾ ਕੀਤੀ ਅਤੇ ਉਨ੍ਹਾਂ ਦਾ ਨਿਪਟਾਰਾ ਕੀਤਾ।

299 ਮੈਂਬਰਾਂ ਵਿੱਚੋਂ 284 ਨੇ ਅਸਲ ਵਿੱਚ ਸੰਵਿਧਾਨ ਉੱਤੇ ਦਸਤਖਤ ਕੀਤੇ।

ਸੰਵਿਧਾਨ ਸਭਾ ਨੇ ਸੰਵਿਧਾਨ ਨਿਰਮਾਣ ਦੇ ਵੱਖ-ਵੱਖ ਕਾਰਜਾਂ ਲਈ ਕੁੱਲ 13 ਕਮੇਟੀਆਂ ਦਾ ਗਠਨ ਕੀਤਾ। ਇਨ੍ਹਾਂ ਵਿੱਚੋਂ 8 ਪ੍ਰਮੁੱਖ ਕਮੇਟੀਆਂ ਅਤੇ ਬਾਕੀ ਛੋਟੀਆਂ ਕਮੇਟੀਆਂ ਸਨ।

ਸੰਵਿਧਾਨ ਸਭਾ ਦੀਆਂ 8 ਪ੍ਰਮੁੱਖ ਕਮੇਟੀਆਂ ਦੇ ਨਾਮ

- ਮਸੌਦਾ ਕਮੇਟੀ
- ਕੇਂਦਰੀ ਸ਼ਕਤੀ ਕਮੇਟੀ
- ਕੇਂਦਰੀ ਸੰਵਿਧਾਨ ਕਮੇਟੀ
- ਸੂਬਾਈ ਸੰਵਿਧਾਨ ਕਮੇਟੀ
- ਮੌਲਿਕ ਅਧਿਕਾਰਾਂ, ਘੱਟ ਗਿਣਤੀਆਂ ਅਤੇ ਕਬਾਇਲੀਆਂ ਅਤੇ ਬਾਹਰ ਰਹੇ ਖੇਤਰਾਂ ਬਾਰੇ ਸਲਾਹਕਾਰ ਕਮੇਟੀ
- ਪ੍ਰਕਿਰਿਆ ਕਮੇਟੀ ਦੇ ਨਿਯਮ
- ਸਟੇਟਸ ਕਮੇਟੀ
- ਸੰਚਾਲਨ ਕਮੇਟੀ



ਸਰਦਾਰ ਵੱਲਭ ਭਾਈ ਪਟੇਲ 24 ਜਨਵਰੀ 1950 ਨੂੰ ਸੰਵਿਧਾਨ ਸਭਾ ਦੇ ਅੰਤਿਮ ਸੈਸ਼ਨ ਵਿੱਚ ਹਿੱਸਾ ਲੈਂਦੇ ਹੋਏ।

ਸੰਵਿਧਾਨ ਸਭਾ ਨੇ ਰਾਸ਼ਟਰੀ ਝੰਡਾ 22 ਜੁਲਾਈ 1947 ਅਤੇ ਰਾਸ਼ਟਰੀ ਗਾਨ ਅਤੇ ਰਾਸ਼ਟਰੀ ਗੀਤ 24 ਜਨਵਰੀ 1950 ਨੂੰ ਅਪਣਾਏ।

ਆਧੁਨਿਕ ਭਾਰਤੀ ਕਲਾ ਦੇ ਪਾਇਨੀਅਰ ਸ਼੍ਰੀ ਨੰਦ ਲਾਲ ਬੋਸ ਨੇ ਸੰਵਿਧਾਨ ਦੇ ਹਰ ਪੰਨੇ ਦੇ ਕਿਨਾਰਿਆਂ ਨੂੰ ਡਿਜ਼ਾਈਨ ਕੀਤਾ ਅਤੇ ਉਨ੍ਹਾਂ ਨੂੰ ਕਲਾਤਮਕ ਚਿੱਤਰਾਂ ਨਾਲ ਸੁਸ਼ੋਭਿਤ ਕੀਤਾ।

ਕੈਲੀਗ੍ਰਾਫੀ ਕਲਾ ਦੇ ਉਸਤਾਦ ਸ਼੍ਰੀ ਪ੍ਰੇਮ ਬਿਹਾਰੀ ਨਾਰਾਇਣ ਰਾਏਜ਼ਾਦਾ ਨੇ ਇਕੱਲੇ ਹੀ ਸੰਵਿਧਾਨ ਨੂੰ ਲਿਖਿਆ। ਇਸ ਕਾਰਜ ਨੂੰ ਪੂਰਾ ਕਰਨ ਵਿੱਚ 6 ਮਹੀਨੇ ਦਾ ਸਮਾਂ ਲਗਿਆ ਅਤੇ ਉਨ੍ਹਾਂ ਨੇ ਇਸ ਕਾਰਜ ਲਈ ਇੱਕ ਪੈਸਾ ਵੀ ਨਹੀਂ ਲਿਆ।




Group photograph of the consytituent assembly members 1950

## ਸੰਵਿਧਾਨ ਸਭਾ ਅਤੇ ਉਸ ਦੇ ਪ੍ਰਮੁੱਖ ਮੈਂਬਰ

ਕੈਬਨਿਟ ਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਨੁਰੂਪ ਪ੍ਰਾਂਤਕ ਅਸੈਂਬਲੀਆਂ ਦੁਆਰਾ ਅਪ੍ਰਤੱਖ ਚੋਣ ਦੇ ਜ਼ਰੀਏ ਸੰਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ ਕੀਤੀ ਗਈ। ਇਸ ਸਭਾ ਵਿੱਚ 299 ਮੈਂਬਰ ਸਨ ਜਿਨ੍ਹਾਂ ਵਿੱਚੋਂ 229 ਪ੍ਰਾਂਤਾਂ ਅਤੇ 70 ਰਾਜਾਂ ਦੀ ਨੁਮਾਇੰਦਗੀ ਕਰ ਰਹੇ ਸਨ।

ਸੰਵਿਧਾਨ ਸਭਾ ਦੇ ਕੁਝ ਪ੍ਰਮੁੱਖ ਮੈਂਬਰਾਂ ਵਿੱਚ ਸ਼ਾਮਲ ਸਨ-

| | | | | |
|---|---|---|---|---|
| ਡਾ. ਰਾਜੇਂਦਰ ਪ੍ਰਸਾਦ | ਆਸਫ ਅਲੀ | ਬੇਗਮ ਐਜ਼ਾਜ਼ ਰਸੂਲ | ਪਦਮਪਤ ਸਿੰਘਾਨੀਆ | ਹਰੀ ਸਿੰਘ ਗੌੜ |
| ਸਰਦਾਰ ਵੱਲਭ ਭਾਈ ਪਟੇਲ | ਸ਼ਯਾਮਾ ਪ੍ਰਸਾਦ ਮੁਖਰਜੀ | ਕੇ.ਐੱਮ. ਮੁੰਸ਼ੀ | ਪੁਰਸ਼ੋਤਮਦਾਸ ਟੰਡਨ | ਪੰਜਾਬਰਾਓ ਐੱਸ. ਦੇਸ਼ਮੁਖ |
| ਜਵਾਹਰਲਾਲ ਨਹਿਰੂ | ਹੰਸਾ ਮਹਿਤਾ | ਸਰਵਪੱਲੀ ਰਾਧਾਕ੍ਰਿਸ਼ਨਨ | ਸੁਚੇਤਾ ਕ੍ਰਿਪਲਾਨੀ | ਰਵੀ ਸ਼ੰਕਰ ਸ਼ੁਕਲ |
| ਡਾ. ਬੀ.ਆਰ. ਅੰਬੇਡਕਰ | ਗੋਪੀਨਾਥ ਬੋਰਦੋਲੋਈ | ਅੰਮੂ ਸਵਾਮੀਨਾਧਨ | ਹਸਰਤ ਮੋਹਾਨੀ | ਹਰੇਕਰੁਸ਼ਨਾ ਮਹਿਤਾਬ |
| ਗੋਵਿੰਦ ਬੱਲਭ ਪੰਤ | ਹਰੇਂਦਰ ਕੁਮਾਰ ਮੁਖਰਜੀ | ਐੱਮ. ਅਨੰਥਾਸਯਾਨਮ ਆਯੰਗਰ | ਰਫੀ ਅਹਮਦ ਕਿਦਵਈ | ਐਨੀ ਮਾਸਕਰੇਨ |
| ਮੌਲਾਨਾ ਅਬੁਲ ਕਲਾਮ ਆਜ਼ਾਦ | ਬਿਨੋਦਾਨੰਦ ਝਾਅ | ਅੱਲਾਦੀ ਕ੍ਰਿਸ਼ਨਾਸਵਾਮੀ ਅੱਯਰ | ਅਨੁਗ੍ਰਹਨਾਰਾਯਣ ਸਿਨਹਾ | ਜੀਵਰਾਜ ਨਾਰਾਯਣ ਮਹਿਤਾ |
| ਸਰੋਜਨੀ ਨਾਇਡੂ | ਦੁਰਗਾਬਾਈ ਦੇਸ਼ਮੁਖ | ਬੀ. ਪਟਾਭੀ ਸੀਤਾਰਮਈਆ | ਜਗਜੀਵਨ ਰਾਮ | ਮੋਤੂਰੀ ਸਤਯਨਾਰਾਯਣ |
| ਰਾਜਕੁਮਾਰੀ ਅੰਮ੍ਰਿਤ ਕੌਰ | ਫ੍ਰੈਂਕ ਐਂਥੋਨੀ | ਟੀ. ਪ੍ਰਕਾਸਮ | ਸਚਿਦਾਨੰਦ ਸਿਨਹਾ | ਦੀਪ ਨਾਰਾਯਣ ਸਿੰਘ |
| ਜੇ.ਬੀ. ਕ੍ਰਿਪਲਾਨੀ | ਜੈਪਾਲ ਸਿੰਘ ਮੁੰਡਾ | ਐੱਨ. ਸੰਜੀਵਾ ਰੈਡੀ | ਸਤਯਨਾਰਾਯਣ ਸਿਨਹਾ | ਸਰ ਸੱਯਦ ਮੁਹੰਮਦ ਸਾਦੁੱਲਾ |
| ਸੀ. ਰਾਜਗੋਪਾਲਾਚਾਰੀ | ਹਰਗੋਵਿੰਦ ਪੰਤ | ਐੱਸ. ਨਿਜਲਿੰਗੱਪਾ | ਸ਼੍ਰੀ ਕ੍ਰਿਸ਼ਨਾ ਸਿਨਹਾ | ਕੇ. ਕਾਮਰਾਜ |
| ਸ਼ਰਤ ਚੰਦਰ ਬੋਸ | ਜੌਨ ਮਥਾਈ | ਜੀ.ਵੀ. ਮਾਵਲੰਕਰ | ਸੇਠ ਗੋਵਿੰਦ ਦਾਸ | ਪੀ. ਸੁੱਬਾਰਾਯਨ |



I beg to move, Sir,

"That it be resolved that:

(1) After the last stroke of midnight, all members of the Constituent Assembly present on this occasion do take the following pledge:

'At this solemn moment when the people of India, through suffering and sacrifice, have secured freedom, I, ............. a member of the Constituent Assembly of India, do dedicate myself in all humility to the service of India and her people to the end that this ancient land attain her rightful place in the world and make her full and willing contribution to the promotion of world peace and the welfare of mankind.'

(2) Members who are not present on this occasion do take the pledge (with such verbal changes as the President may prescribe) at the time they next attend a session of the Assembly."

ਸੰਵਿਧਾਨ ਸਭਾ ਦੇ ਮੈਂਬਰ ਦੁਆਰਾ ਲਈ ਗਈ ਸਹੁੰ

# ਨਾਗਰਿਕ ਅਤੇ ਮੌਲਿਕ ਕਰਤੱਵ

## ਸਾਡੇ ਸੰਵਿਧਾਨ ਦੀ ਇੱਕ ਜ਼ਰੂਰੀ ਵਿਸ਼ੇਸ਼ਤਾ



> “ ਅਧਿਕਾਰ ਚੰਗੀ ਤਰ੍ਹਾਂ ਡਿਊਟੀ (ਕਰਤੱਵ) ਨਿਭਾਉਣਾ ਹੈ” ”
>
> ਮਹਾਤਮਾ ਗਾਂਧੀ

ਸਾਡੇ ਨਾਗਰਿਕਾਂ ਅਤੇ ਮੌਲਿਕ ਕਰਤੱਵਾਂ ਪ੍ਰਤੀ ਵਧੇਰੇ ਜਾਗਰੂਕਤਾ ਲਿਆਉਣ ਲਈ ਭਾਰਤ ਸਰਕਾਰ ਸਾਰੇ ਭਾਰਤੀ ਨਾਗਰਿਕਾਂ ਤੱਕ ਪਹੁੰਚ ਕਰ ਰਹੀ ਹੈ (26 ਨਵੰਬਰ 2019 ਤੋਂ 26 ਨਵੰਬਰ 2020)। #itsmyduty ਨਾਲ ਜੁੜੋ।

ਮੁੱਖ ਉਦੇਸ਼

- ਭਾਰਤ ਦੇ ਲੋਕਾਂ ਸਾਹਮਣੇ ਇਹ ਦੁਹਰਾਉਣਾ ਕਿ ਉਹ ਸੰਵਿਧਾਨ ਅਤੇ ਉਸ ਵਿੱਚ ਸ਼ਾਮਲ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਦੇ ਸੱਚੇ ਰੁਖਵਾਲੇ (ਕਸਟੋਡੀਅਨ) ਹਨ।
- ਸਾਰੇ ਨਾਗਰਿਕਾਂ ਨੂੰ ਸਾਥੀ ਨਾਗਰਿਕਾਂ ਅਤੇ ਦੇਸ਼ ਪ੍ਰਤੀ ਉਨਾਂ ਦੇ ਕਰਤੱਵਾਂ ਬਾਰੇ ਯਾਦ ਦਿਵਾਉਣਾ।
- ਨਾਗਰਿਕਾਂ ਨੂੰ ਰਾਸ਼ਟਰਵਾਦ ਦੀ ਭਾਵਨਾ ਉੱਤੇ ਮਾਣ ਕਰਨ ਲਈ ਉਤਸ਼ਾਹਿਤ ਕਰਨਾ।
- ਰਾਸ਼ਟਰ ਪ੍ਰਤੀ ਅਨੁਸ਼ਾਸਨ ਅਤੇ ਪ੍ਰਤੀਬੱਧਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਿਚ ਮਦਦ ਕਰਨਾ ਅਤੇ ਨਾਗਰਿਕਾਂ ਦੀ ਊਰਜਾ ਨੂੰ ਰਾਸ਼ਟਰ-ਨਿਰਮਾਣ ਵਿੱਚ ਗਤੀਸ਼ੀਲ ਕਰਨਾ।

# ਮੌਲਿਕ ਕਰਤੱਵ-ਮਹੱਤਵ ਅਤੇ ਸੰਕਲਨ

> “ ਮੈਨੂੰ ਆਪਣੇ ਕਰਤੱਵਾਂ ਦਾ ਅਹਿਸਾਸ ਆਪਣੀ ਮਾਂ ਦੀ ਗੋਦ ਵਿੱਚ ਹੀ ਹੋ ਗਿਆ ਸੀ। ਉਹ ਇੱਕ ਅਨਪੜ੍ਹ ਗ੍ਰਾਮੀਣ ਮਹਿਲਾ ਸੀ.......ਉਹ ਮੇਰੇ ਧਰਮ ਬਾਰੇ ਜਾਣਦੀ ਸੀ।ਇਸ ਲਈ ਅਗਰ ਆਪਣੇ ਬਚਪਨ ਵਿੱਚ ਅਸੀਂ ਸਿੱਖ ਲਿਆ ਕਿ ਸਾਡਾ ਧਰਮ ਕੀ ਹੈ ਅਤੇ ਇਸਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਨ ਲੱਗੇ ਤਾਂ ਸਾਡੇ ਅਧਿਕਾਰ ਆਪਣੇ ਆਪ ਹੀ ਮਿਲਣ ਲਗਦੇ ਹਨ...ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਕਿਸੇ ਵੀ ਕਰਤੱਵ ਦੀ ਪਾਲਣਾ ਨਾਲ ਸਾਡੇ ਅਧਿਕਾਰ ਆਪਣੇ-ਆਪ ਹੀ ਸੁਰੱਖਿਅਤ ਹੋ ਜਾਂਦੇ ਹਨ। ਅਧਿਕਾਰਾਂ ਨੂੰ ਕਦੇ ਵੀ ਕਰਤੱਵਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਹੀ ਸੱਤਿਆਗ੍ਰਹਿ ਦੀ ਉਤਪਤੀ ਹੋਈ, ਕਿਉਂਕਿ ਮੈਂ ਹਮੇਸ਼ਾ ਹੀ ਇਹ ਜਾਣਨ ਦੀ ਕੋਸ਼ਿਸ਼ ਕਰਦਾ ਰਿਹਾ ਕਿ ਮੇਰਾ ਕਰਤੱਵ ਕੀ ਹੈ। ”
>
> 28 ਜੂਨ, 1947 ਨੂੰ ਦਿੱਲੀ ਵਿਖੇ ਇੱਕ ਪ੍ਰਾਰਥਨਾ ਸਭਾ ਵਿੱਚ ਮੌਲਿਕ ਕਰਤੱਵਾਂ ਦੇ ਮਹੱਤਵ ਬਾਰੇ ਮਹਾਤਮਾ ਗਾਂਧੀ ਦੇ ਅਨਮੋਲ ਵਿਚਾਰ

ਸਾਡੇ ਸੰਵਿਧਾਨ ਵਿੱਚ 11 ਮੌਲਿਕ ਕਰਤੱਵਾਂ ਨੂੰ ਸ਼ਾਮਲ ਕਰਨ ਦਾ ਉਦੇਸ਼ ਦੇਸ਼ ਦੇ ਨਾਗਰਿਕਾਂ ਨੂੰ ਮਿਲੇ ਵਿਆਪਕ ਅਧਿਕਾਰਾਂ ਦੇ ਬਦਲੇ ਵਿੱਚ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ 'ਤੇ ਵਿਸ਼ੇਸ਼ ਜ਼ੋਰ ਦੇਣਾ ਹੈ।

ਮੌਲਿਕ ਕਰਤੱਵਾਂ ਵਿੱਚ ਇੱਜ਼ਤ, ਮਾਣ, ਸਹਿਨਸ਼ੀਲਤਾ, ਸ਼ਾਂਤੀ, ਵਿਕਾਸ, ਅਤੇ ਸਦਭਾਵ ਦੀਆਂ ਮਹੱਤਵਪੂਰਨ ਕਦਰਾਂ-ਕੀਮਤਾਂ ਉੱਤੇ ਫੋਕਸ ਕੀਤਾ ਜਾਂਦਾ ਹੈ।

42ਵੇਂ ਸੰਵਿਧਾਨ ਸੰਸ਼ੋਧਨ ਐਕਟ ਰਾਹੀਂ 1976 ਵਿੱਚ ਸੰਵਿਧਾਨ ਵਿੱਚ ਸ਼ਾਮਲ ਕੀਤੇ ਗਏ ਮੌਲਿਕ ਕਰਤੱਵ ਰਾਸ਼ਟਰ ਪ੍ਰਤੀ ਨਾਗਰਿਕਾਂ ਲਈ ਬੁਨਿਆਦੀ, ਨੈਤਿਕ, ਅਤੇ ਲਾਜ਼ਮੀ ਕਰਤੱਵ ਮੁਕੱਰਰ ਕਰਦੇ ਹਨ।

ਮੌਲਿਕ ਕਰਤੱਵਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਨ ਦੀ ਸਿਫਾਰਸ਼ ਕਰਦੇ ਹੋਏ ਗਠਿਤ ਕਮੇਟੀ ਨੇ ਰਾਇ ਪ੍ਰਗਟਾਈ ਸੀ ਕਿ ਦੇਸ਼ ਦੇ ਨਾਗਰਿਕ ਆਪਣੇ ਮੌਲਿਕ ਅਧਿਕਾਰਾਂ ਦੀ ਵਰਤੋਂ ਕਰਨ ਸਮੇਂ ਆਪਣੇ ਕਰਤੱਵਾਂ ਨੂੰ ਨਜ਼ਰਅੰਦਾਜ਼ ਨਾ ਕਰਨ, ਇਹ ਸੁਨਿਸ਼ਚਿਤ ਕਰਨ ਲਈ ਠੋਸ ਕਦਮ ਉਠਾਉਣ ਦੀ ਲੋੜ ਹੈ।

ਬੱਚਿਆਂ ਲਈ ਸਿੱਖਿਆ ਦੇ ਅਵਸਰਾਂ ਨਾਲ ਸਬੰਧਿਤ 11ਵਾਂ ਮੌਲਿਕ ਕਰਤੱਵ ਸੰਵਿਧਾਨ ਵਿੱਚ 76ਵੇਂ ਸੰਸ਼ੋਧਨ ਐਕਟ, 2002 ਦੁਆਰਾ ਸ਼ਾਮਲ ਕੀਤਾ ਗਿਆ।

ਮੌਲਿਕ ਕਰਤੱਵਾਂ ਬਾਰੇ ਪ੍ਰੇਰਣਾ ਸੋਵੀਅਤ ਸੰਘ ਰੂਸ, ਜਪਾਨ ਅਤੇ ਚੀਨ ਦੇ ਸੰਵਿਧਾਨਾਂ ਤੋਂ ਮਿਲੀ।

ਸਾਡੇ ਮੌਲਿਕ ਕਰਤੱਵ ਭਾਰਤੀ ਜੀਵਨ ਸ਼ੈਲੀ ਨੂੰ ਹੁਲਾਰਾ ਦੇਣ ਵਿੱਚ ਅਭਿੰਨ ਮੰਨੇ ਜਾਣ ਵਾਲੇ ਕਰਤੱਵਾਂ ਦੀ ਕੋਡੀਫੀਕੇਸ਼ਨ ਹੈ। ਉਹ ਸਮਾਜ ਪ੍ਰਤੀ ਅਨੁਸ਼ਾਸਨ ਅਤੇ ਪ੍ਰਤੀਬੱਧਤਾ ਦੀ ਸੱਚੀ ਭਾਵਨਾ ਨੂੰ ਉਤਸ਼ਾਹਿਤ ਕਰਦੇ ਹਨ।

ਮੌਲਿਕ ਕਰਤੱਵਾਂ ਦਾ ਮੁੱਖ ਉਦੇਸ਼ ਹਰੇਕ ਨਾਗਰਿਕ ਨੂੰ ਸਦਾ ਇਹ ਯਾਦ ਕਰਵਾਉਣਾ ਹੈ ਕਿ ਵੈਸੇ ਤਾਂ ਸੰਵਿਧਾਨ ਨੇ ਉਨ੍ਹਾਂ ਨੂੰ ਕੁਝ ਵਿਸ਼ੇਸ਼ ਮੌਲਿਕ ਅਧਿਕਾਰ ਦਿੱਤੇ ਹਨ, ਲੇਕਿਨ ਇਸ ਦੇ ਨਾਲ ਹੀ ਲੋਕਤਾਂਤਰਿਕ ਆਚਰਣ ਅਤੇ ਲੋਕਤਾਂਤਰਿਕ ਆਚਾਰ-ਵਿਵਹਾਰ ਦੇ ਕੁਝ ਵਿਸ਼ੇਸ਼ ਬੁਨਿਆਦੀ ਨਿਯਮਾਂ ਦਾ ਪਾਲਣ ਕਰਨਾ ਵੀ ਉਨ੍ਹਾਂ ਲਈ ਅਤਿਅੰਤ ਜ਼ਰੂਰੀ ਹੈ ਕਿਉਂਕਿ ਅਧਿਕਾਰ ਅਤੇ ਕਰਤੱਵ ਇੱਕ-ਦੂਜੇ ਨਾਲ ਜੁੜੇ ਹੋਏ ਹਨ।

> “ "ਲੋਕਤੰਤਰ ਸਿਰਫ ਸਰਕਾਰ ਦਾ ਇੱਕ ਸਰੂਪ ਹੀ ਨਹੀਂ..ਅਸਲ ਵਿੱਚ ਇਹ ਸਾਥੀ ਦੇਸ਼ਵਾਸੀਆਂ ਪ੍ਰਤੀ ਲਾਜ਼ਮੀ ਤੌਰ 'ਤੇ ਸਨਮਾਨ ਅਤੇ ਸ਼ਰਧਾ ਦਾ ਇੱਕ ਮਨੋਭਾਵ ਹੈ।" ”
>
> ਡਾ. ਬੀ. ਆਰ ਅੰਬੇਡਕਰ

> “ਹਰ ਭਾਰਤੀ ਨੂੰ ਹੁਣ ਇਹ ਭੁੱਲ ਜਾਣਾ ਚਾਹੀਦਾ ਹੈ ਕਿ ਉਹ ਰਾਜਪੂਤ, ਸਿੱਖ ਜਾਂ ਜੱਟ ਹੈ। ਉਸ ਨੂੰ ਜ਼ਰੂਰੀ ਤੌਰ 'ਤੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਇੱਕ ਭਾਰਤੀ ਹੈ ਅਤੇ ਦੇਸ਼ ਵਿੱਚ ਉਸ ਨੂੰ ਹਰ ਅਧਿਕਾਰ ਪ੍ਰਾਪਤ ਹੈ ਲੇਕਿਨ ਕੁਝ ਵਿਸ਼ੇਸ਼ ਕਰਤੱਵਾਂ ਨਾਲ।” ”
>
> ਸਰਦਾਰ ਵੱਲਭਭਾਈ ਪਟੇਲ

ਨਾਗਰਿਕ ਅਤੇ ਮੌਲਿਕ ਕਰਤੱਵ ਕੇਵਲ ਸਰਗਰਮ ਭਾਗੀਦਾਰੀ ਰਾਹੀਂ ਹੀ ਸਾਡੇ ਰਾਸ਼ਟਰੀ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰ ਸਕਦੇ ਹਨ।

ਅਕਤੂਬਰ, 1999 ਵਿੱਚ ਜਸਟਿਸ ਵਰਮਾ ਦੀ ਅਗਵਾਈ ਵਾਲੀ ਕਮੇਟੀ ਨੇ "ਦੇਸ਼ ਦੇ ਨਾਗਰਿਕਾਂ ਨੂੰ ਮੌਲਿਕ ਕਰਤੱਵ ਸਿਖਾਉਣ ਬਾਰੇ ਸੁਝਾਅ" ਸਬੰਧੀ ਇੱਕ ਰਿਪੋਰਟ ਦਿੱਤੀ ਸੀ।

# ਨਾਗਰਿਕਾਂ ਦੇ ਕਰਤੱਵਾਂ ਬਾਰੇ ਜਾਗਰੂਕ ਹੋਵੋ

- ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹੋ, ਔਨਲਾਈਨ ਪ੍ਰਣ 'ਤੇ ਦਸਤਖ਼ਤ ਕਰੋ ਅਤੇ MyGov.in 'ਤੇ ਤੁਰੰਤ ਸਰਟੀਫਿਕੇਟ ਹਾਸਲ ਕਰੋ।
- MyGov.in 'ਤੇ ਔਨਲਾਈਨ ਸੰਵਿਧਾਨ ਦਿਵਸ ਕੁਇਜ਼ ਅਤੇ ਲੇਖ ਮੁਕਾਬਲੇ ਵਿੱਚ ਹਿੱਸਾ ਲਓ।
- www.doj.gov.in ਤੋਂ ਪੋਸਟਰ, ਬਰੋਸ਼ਰ ਅਤੇ ਹੋਰ ਆਊਟਰੀਚ ਸਮੱਗਰੀ ਡਾਊਨਲੋਡ ਕਰੋ।

> “ਮੈਂ ਤੁਹਾਨੂੰ ਘੱਟੋ-ਘੱਟ ਇੱਕ ਸੰਕਲਪ ਲੈਣ ਅਤੇ ਰਾਸ਼ਟਰ ਪ੍ਰਤੀ ਆਪਣੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਸੋਚਣ ਦੀ ਤਾਕੀਦ ਕਰਦਾ ਹਾਂ। ਕਰਤੱਵ ਦੇ ਰਾਹ ਉੱਤੇ ਚਲਦੇ ਹੋਏ, 130 ਕਰੋੜ ਯਤਨਾਂ ਦੀ ਤਾਕਤ ਅਤੇ 130 ਕਰੋੜ ਸੰਕਲਪ ਦੇਸ਼ ਲਈ ਬਹੁਤ ਕੁਝ ਕਰ ਸਕਦੇ ਹਨ।”
>
> ਨਰੇਂਦਰ ਮੋਦੀ,
> ਪ੍ਰਧਾਨ ਮੰਤਰੀ
> ਸਵੱਛ ਭਾਰਤ ਦਿਵਸ, 2019 ਉੱਤੇ

@DoJ_India ਅਤੇ @MyGov 'ਤੇ ਸਾਨੂੰ ਫਾਲੋ ਕਰੋ। #itsmyduty ਨਾਲ ਜੁੜੋ।


http://legislative.gov.in/constitution-of-india 'ਤੇ ਭਾਰਤ ਦੇ ਸੰਵਿਧਾਨ ਅਤੇ ਮੌਲਿਕ ਕਰਤੱਵਾਂ ਦਾ ਸੰਪੂਰਨ ਮੂਲ-ਪਾਠ ਦੇਖੋ।


सत्यमेव जयते

Department of Justice

Government of India


# ਸੰਵਿਧਾਨ ਵਿੱਚ ਸ਼ਾਮਲ 11 ਕਰਤੱਵ (ਭਾਗ IV ਏ, ਅਨੁਛੇਦ 51 ਏ)




ਸਾਡੇ ਸੰਵਿਧਾਨ ਵਿੱਚ ਮੌਲਿਕ ਕਰਤੱਵ ਜੋੜ ਦੇਣ ਨਾਲ ਇਹ ਮਾਨਵ ਅਧਿਕਾਰਾਂ ਦੇ ਸਰਬਵਿਆਪੀ ਐਲਾਨ ਦੇ ਅਨੁਛੇਦ 29 (1) ਨਾਲ ਸ਼੍ਰੇਣੀਬੱਧ ਹੋ ਗਏ ਹਨ।

> “ ਜੀਵਨ ਦਾ ਅਧਿਕਾਰ ਸਾਨੂੰ ਤਾਂ ਹੀ ਹਾਸਲ ਹੁੰਦਾ ਹੈ ਜਦੋਂ ਅਸੀਂ ਦੁਨੀਆ ਦੀ ਨਾਗਿਰਕਤਾ ਦਾ ਕਰਤੱਵ ਨਿਭਾਉਂਦੇ ਹਾਂ। ਇਸ ਇੱਕ ਮੌਲਿਕ ਬਿਆਨ ਨਾਲ, ਸ਼ਾਇਦ ਮਰਦ ਅਤੇ ਔਰਤ ਦੇ ਕਰਤੱਵਾਂ ਨੂੰ ਪਰਿਭਾਸ਼ਿਤ ਕਰਨ ਅਤੇ ਹਰੇਕ ਅਧਿਕਾਰ ਨੂੰ ਸਭ ਤੋਂ ਪਹਿਲਾਂ ਪੂਰੇ ਕੀਤੇ ਜਾਣ ਵਾਲੇ ਕਿਸੇ ਸਬੰਧਿਤ ਕਰਤੱਵ ਨਾਲ ਜੋੜਨਾ ਕਾਫੀ ਅਸਾਨ ਹੈ। ਹਰ ਹੋਰ ਅਧਿਕਾਰ ਨੂੰ ਅਜਿਹਾ ਦਿਖਾਇਆ ਜਾ ਸਕਦਾ ਹੈ ਜਿਸ ਲਈ ਸ਼ਾਇਦ ਹੀ ਲੜਨ ਦੀ ਲੋੜ ਹੋਵੇ। ”
>
> ਮਹਾਤਮਾ ਗਾਂਧੀ

## ਮੌਲਿਕ ਕਰਤੱਵ ਅਤੇ ਅਧਿਕਾਰ ਇੱਕੋ ਸਿੱਕੇ ਦੇ ਦੋ ਪਹਿਲੂ ਹਨ

ਮਹਾਤਮਾ ਗਾਂਧੀ ਦਾ ਕਹਿਣਾ ਹੈ ਕਿ"ਕਰਤੱਵ ਦਾ ਸ੍ਰੋਤ ਅਧਿਕਾਰ ਹੈ। ਜੇ ਅਸੀਂ ਆਪਣੇ ਕਰਤੱਵਾਂ ਦੀ ਪਾਲਣਾ ਕਰਦੇ ਹਾਂ ਤਾਂ ਅਧਿਕਾਰ ਆਪਣੇ-ਆਪ ਮਿਲ ਜਾਣਗੇ।"

ਲੋਕਤੰਤਰ ਉਦੋਂ ਤੱਕ ਸਮਾਜ ਵਿੱਚ ਆਪਣੀਆਂ ਜੜ੍ਹਾਂ ਡੂੰਘੀਆਂ ਸਥਾਪਿਤ ਨਹੀਂ ਸਕਦਾ ਜਦੋਂ ਤੱਕ ਨਾਗਰਿਕ ਆਪਣੇ ਮੌਲਿਕ ਅਧਿਕਾਰਾਂ ਦੇ ਨਾਲ ਆਪਣੇ ਮੌਲਿਕ ਕਰਤੱਵਾਂ ਦਾ ਨਿਰਵਾਹ ਪੂਰਕ ਦੇ ਤੌਰ 'ਤੇ ਨਹੀਂ ਕਰਦੇ।

ਹਰ ਅਧਿਕਾਰ ਨਾਲ ਇੱਕ ਸਬੰਧਿਤ ਕਰਤੱਵ ਵੀ ਜੁੜਿਆ ਹੁੰਦਾ ਹੈ। ਕਿਸੇ ਵੀ ਵਿਅਕਤੀ ਦੁਆਰਾ ਆਪਣੇ ਨਾਗਰਿਕ ਕਰਤੱਵ ਦਾ ਨਿਰਵਾਹ ਦੂਜਿਆਂ ਦੇ ਅਧਿਕਾਰਾਂ ਨੂੰ ਸੁਨਿਸ਼ਚਿਤ ਕਰਦਾ ਹੈ।

ਜਦੋਂ ਅਸੀਂ ਆਪਣੇ ਕਰਤੱਵ ਨਿਭਾਉਂਦੇ ਹਾਂ ਤਾਂ ਅਸੀਂ ਅਧਿਕਾਰ ਲੈਣ ਦੇ ਹੱਕਦਾਰ ਹੁੰਦੇ ਹਾਂ।